# ਘਰ ਵਿਚ ਇਕੱਲੇ ਪਰ ਕੋਈ ਮਦਦ ਨਹੀਂ

## ਪਿਛੋਕੜ

***ਹੋਮ ਸਪੋਰਟ ਸੇਵਾਵਾਂ:***

- ਚਿਰਾਂ ਤੋਂ ਬੀਮਾਰ ਲੋਕਾਂ ਜਾਂ ਵਿਗੜਦੀ ਸਿਹਤ ਵਾਲੇ ਲੋਕਾਂ ਨੂੰ ਆਪਣੇ ਘਰਾਂ ਅਤੇ ਕਮਿਊਨਟੀ ਵਿਚ ਆਜ਼ਾਦ ਅਤੇ ਸੁਰੱਖਿਅਤ ਤਰੀਕੇ ਨਾਲ ਰਹਿਣ ਵਿਚ ਮਦਦ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ।
- ਪਰਿਵਾਰ, ਦੋਸਤਾਂ ਅਤੇ ਕਮਿਊਨਟੀ ਏਜੰਸੀਆਂ ਵਲੋਂ ਕੀਤੀ ਜਾਂਦੀ ਮਦਦ ਵਿਚ ਸਹਾਇਤਾ ਕਰਨ ਅਤੇ ਇਸ ਵਿਚ ਵਾਧਾ ਕਰਨ ਲਈ ਮੌਜੂਦ ਹਨ।
- ਸਿਹਤ ਦੀ ਹਾਲਤ ਅਤੇ ਲੋੜਾਂ ਨੂੰ ਆਧਾਰ ਬਣਾ ਕੇ ਅਸੈੱਸ ਕੀਤੀਆਂ ਜਾਂਦੀਆਂ ਹਨ (ਸਿਧਾਂਤ ਵਜੋਂ)।

ਸਾਲ 2003 ਵਿਚ, ਹੋਮ ਸਪੋਰਟ ਲੈਣ ਵਾਲੇ ਗਾਹਕਾਂ ਵਿੱਚੋਂ 82 ਫੀ ਸਦੀ ਦੀ ਟੈਕਸਾਂ ਤੋਂ ਪਹਿਲਾਂ ਦੀ ਆਮਦਨ ਸਲਾਨਾ 15,000 ਡਾਲਰ ਤੋਂ ਘੱਟ ਸੀ। ਅੱਸੀ ਫੀ ਸਦੀ 75 ਸਾਲ ਜਾਂ ਜ਼ਿਆਦਾ ਉਮਰ ਦੇ ਹਨ; 10 ਫੀ ਸਦੀ 65 ਸਾਲ ਤੋਂ ਘੱਟ ਉਮਰ ਦੇ ਅਪਾਹਜ ਲੋਕ ਹਨ; 70 ਫੀ ਸਦੀ ਔਰਤਾਂ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਇਕੱਲੀਆਂ ਰਹਿੰਦੀਆਂ ਹਨ। *(ਸੀ ਸੀ ਪੀ ਏ – ਫਰੌਮ ਸਪੋਰਟ ਟੂ ਆਈਸੋਲੇਸ਼ਨ – ਜੂਨ 2006)*

***ਹੋਮ ਸਪੋਰਟ ਵਿਚ ਸ਼ਾਮਲ ਹਨ:***

– ਉਠਾਉਣਾ
– ਕੱਪੜੇ ਪਹਿਨਣਾ
– ਨਹਾਉਣਾ
– ਟਾਇਲਟ ਵਰਤਣਾ
– ਸੌਣ ਲਈ ਤਿਆਰ ਹੋਣਾ ਜਾਂ ਸੌਣਾ
– ਦਵਾਈਆਂ ਵਿਚ ਮਦਦ
– ਇਲਾਜ ਲਈ ਕਸਰਤਾਂ
– ਪਰਿਵਾਰ ਦੇ ਸੰਭਾਲ ਕਰਨ ਵਾਲੇ ਨੂੰ ਰਾਹਤ
– ਜਜ਼ਬਾਤੀ ਅਤੇ ਮਨੋਵਿਗਿਆਨਕ ਮਦਦ
– ਸਿਹਤ ’ਤੇ ਨਿਗਰਾਨੀ

ਬੀ ਸੀ ਵਿਚ ਹੋਮ ਸਪੋਰਟ (ਘਰ ਵਿਚ ਮਦਦ) ਨੂੰ ਅਕਸਰ ਹੋਮ ਕੇਅਰ (ਘਰ ਵਿਚ ਸੰਭਾਲ) ਨਾਲ ਰਲਗਡ ਕਰ ਦਿੱਤਾ ਜਾਂਦਾ ਹੈ। ਹੋਮ ਕੇਅਰ ਵਿਚ ਅਜਿਹੀਆਂ ਸੇਵਾਵਾਂ ਸ਼ਾਮਲ ਹਨ ਜਿਹੜੀਆਂ ਰਜਿਸਟਰਡ ਨਰਸਾਂ, ਫਿਜ਼ੀਓਥੈਰੇਪਿਸਟਾਂ, ਆਕੂਪੇਸ਼ਨਲ ਥੈਰੇਪਿਸਟਾਂ, ਆਦਿ ਵਲੋਂ ਦਿੱਤੀਆਂ ਜਾਂਦੀਆਂ ਹਨ।



BC Health Coalition
ਵੈੱਬ: www.bchealthcoalition.ca
ਫੋਨ: 604.681.7945
ਐਡਰੈਸ: 2nd Floor, 411 Dunsmuir Street, Vancouver, BC V6B 1X4
ਈਮੇਲ: info@bchealthcoalition.ca
ਫੈਕਸ: 604.681.7947

ਮੌਜੂਦਾ ਸਾਲਾਂ ਵਿਚ, ਤਿਆਰ ਕਰਨ, ਸਫਾਈ, ਘਰ ਦੀ ਸਫਾਈ ਅਤੇ ਖਾਣਿਆਂ ਦੀ ਤਿਆਰੀ ਵਰਗੀ ਸੇਵਾਵਾਂ, ਜਿਹੜੀਆਂ ਕਿ ਹੋਮ ਸਪੋਰਟ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ, ਖਤਮ ਕਰ ਦਿੱਤੀਆਂ ਗਈਆਂ ਹਨ।

### *ਹੋਮ ਸਪੋਰਟ ਲਈ ਹੱਕਦਾਰੀ:*

ਹੋਮ ਸਪੋਰਟ ਲਈ ਹੱਕਦਾਰੀ ਲੋੜ ’ਤੇ ਆਧਾਰਿਤ ਹੁੰਦੀ ਹੈ ਅਤੇ ਇਹ ਇਤਿਹਾਸਕ ਤੌਰ ’ਤੇ ਕਿਸੇ ਵੀ ਉਸ ਵਿਅਕਤੀ ਨੂੰ ਮਿਲਦੀ ਰਹੀ ਹੈ, ਜਿਸ ਨੂੰ ਆਪਣੀ ਮਾਨਸਿਕ ਜਾਂ ਸਰੀਰਕ ਹਾਲਤ ਕਾਰਨ, ਆਪਣੇ ਘਰ ਵਿਚ ਸਰਗਰਮ, ਸੁਰੱਖਿਅਤ ਅਤੇ ਆਜ਼ਾਦ ਤੌਰ ’ਤੇ ਰਹਿਣ ਲਈ ਮਦਦ ਅਤੇ ਸਹਾਇਤਾ ਦੀ ਲੋੜ ਹੈ।

ਉਨ੍ਹਾਂ ਬਜ਼ੁਰਗਾਂ ਅਤੇ ਅਪਾਹਜ ਲੋਕਾਂ ਨੂੰ ਜਿਨ੍ਹਾਂ ਨੂੰ ਆਪਣੇ ਘਰਾਂ ਵਿਚ ਆਜ਼ਾਦ ਰਹਿਣ ਲਈ ਘਰ ਦੇ ਕੰਮਾਂ ਅਤੇ ਖਾਣਿਆਂ ਦੀ ਤਿਆਰੀ ਵਰਗੀਆਂ ਚੀਜ਼ਾਂ ਵਿਚ ਸਹਾਇਤਾ ਸੇਵਾਵਾਂ ਦੀ ਲੋੜ ਹੈ, ਉਹ ਪੂਰੀ ਸਫਾਈ ਅਤੇ ਸਹੀ ਖਾਣਿਆਂ ਤੋਂ ਬਿਨਾਂ ਰਹਿਣ ਲਈ ਮਜ਼ਬੂਰ ਹੋ ਜਾਣਗੇ ਅਤੇ ਕੁਝ ਲੋਕਾਂ ਨੂੰ ਕਿਸੇ ਸੰਸਥਾ ਵਿਚ ਮੂਵ ਹੋਣ ਲਈ ਮਜ਼ਬੂਰ ਕਰ ਦਿੱਤਾ ਜਾਵੇਗਾ।

### *ਹੋਮ ਸਪੋਰਟ ਵਿਚ ਕਟੌਤੀਆਂ:*

- 2000/01 ਅਤੇ 2004/05 ਦੇ ਵਿਚਕਾਰ ਬੀ ਸੀ ਵਿਚ ਹੋਮ ਸਪੋਰਟ ਲੈਣ ਵਾਲੇ ਗਾਹਕਾਂ (ਕਲਾਇੰਟਾਂ) ਦੀ ਗਿਣਤੀ 24 ਫੀ ਸਦੀ ਤੱਕ ਘਟ ਗਈ ਹੈ; ਹੋਮ ਸਪੋਰਟ ਦੇ ਕੁਲ ਘੰਟਿਆਂ ਦੀ ਗਿਣਤੀ 12 ਫੀ ਸਦੀ ਤੱਕ ਘਟ ਗਈ ਹੈ।
- ਜੇ ਬਜ਼ੁਰਗਾਂ (ਸੀਨੀਅਰਾਂ) ਦੀ ਵਧ ਰਹੀ ਆਬਾਦੀ ਨੂੰ ਸ਼ਾਮਲ ਕੀਤਾ ਜਾਵੇ ਤਾਂ ਹੋਮ ਸਪੋਰਟ ਦੀਆਂ ਸੇਵਾਵਾਂ ਵਿਚ ਕਮੀ ਹੋਰ ਵੀ ਡੂੰਘੀ ਹੋ ਜਾਂਦੀ ਹੈ। ਅਜਿਹਾ ਹਸਪਤਾਲ ਵਿਚ ਠਹਿਰਾਅ ਦਾ ਸਮਾਂ ਘਟਣ ਦੌਰਾਨ ਵੀ ਵਾਪਰਿਆ ਹੈ।
- ਕੈਜ਼ੂਅਲ (ਜਿਵੇਂ ਕੱਚੇ) ਸਟਾਫ ’ਤੇ ਨਿਰਭਰਤਾ ਵਿਚ ਵਾਧੇ ਅਤੇ ਬੇਨੇਮੇ ਅਤੇ ਵੰਡਵੀਆਂ ਸ਼ਿਫਟਾਂ ਦੇ ਟਾਈਮ ਟੇਬਲ ਦਾ ਮਤਲਬ ਇਹ ਹੈ ਕਿ ਗਾਹਕਾਂ ਨੂੰ ਹੁਣ ਨੇਮ ਨਾਲ ਇਕੋ ਵਿਅਕਤੀ ਤੋਂ ਮਦਦ ਨਹੀਂ ਮਿਲਦੀ। ਇਸ ਨਾਲ ਵਰਕਰਾਂ ਦੀ ਆਪਣੇ ਗਾਹਕਾਂ ਨੂੰ ਜਾਣਨ, ਉਨ੍ਹਾਂ ਦੀ ਸਿਹਤ ਵਿਚ ਆਈਆਂ ਤਬਦੀਲੀਆਂ ’ਤੇ ਨਿਗਰਾਨੀ ਰੱਖਣ ਅਤੇ ਕੋਈ ਸੰਕਟ ਪੈਦਾ ਹੋਣ ਤੋਂ ਰੋਕਥਾਮ ਕਰਨ ਦੀ ਸਮਰੱਥਾ ਸੀਮਤ ਹੁੰਦੀ ਹੈ।

*(ਸੀ ਸੀ ਪੀ ਏ – ਫਰੌਮ ਸਪੋਰਟ ਟੂ ਆਈਸੋਲੇਸ਼ਨ – ਜੂਨ 2006)*

### *ਹੋਮ ਸਪੋਰਟ ਸੇਵਾਵਾਂ ਦੀਆਂ ਕਮਜ਼ੋਰੀਆਂ:*

- ਬਜ਼ੁਰਗਾਂ ਨੂੰ ਉਦੋਂ ਹੋਮ ਸਪੋਰਟ ਸੇਵਾਵਾਂ ਮੁਤਾਬਕ ਢਲਣ ਵਿਚ ਔਖ ਆਉਂਦੀ ਹੈ ਜਦੋਂ ਮਰੀਜ਼ ਨੂੰ ਸਰਵਿਸ ਇਕ ਵਿਅਕਤੀ ਦੀ ਬਜਾਏ ਵੱਖ ਵੱਖ ਵਿਅਕਤੀਆਂ ਵਲੋਂ ਦਿੱਤੀ ਜਾਂਦੀ ਹੈ।
- ਇਸ ਦੇ ਨਾਲ ਹੀ ਇਕ ਹੋਰ ਅਸਿਥਰਤਾ ਉਦੋਂ ਆਉਂਦੀ ਹੈ ਜਦੋਂ ਮਰੀਜ਼ ਮੂਵ ਹੋ ਜਾਂਦਾ ਹੈ, ਕਿਉਂਕਿ ਹੋਮ ਸਪੋਰਟ ਪ੍ਰਤੀ ਵਚਨਬੱਧਤਾ ਦੇ ਸਬੰਧ ਵਿਚ ਬੀ ਸੀ ਦੀਆਂ ਸਾਰੀਆਂ ਹੈਲਥ ਅਥਾਰਟੀਆਂ ਦੇ ਨਿਯਮ ਇੱਕੋ ਜਿਹੇ ਨਹੀਂ ਹਨ।
- ਹੋਮ ਕੇਅਰ ਅਤੇ ਹੋਮ ਸਪਰੋਟ ਸਰਵਿਸ ਲੈਣ ਵਾਲੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਸੇਵਾਵਾਂ, ਮੁਢਲੇ ਤੌਰ ’ਤੇ ਵਰਕਰਾਂ ਦੇ ਕੰਮ ਦੇ ਖਿੱਚਵੇਂ ਟਾਈਮ ਟੇਬਲ ਕਾਰਨ ਕਾਹਲੀ ਵਿਚ ਦਿੱਤੀਆਂ ਜਾਂਦੀਆਂ ਹਨ ਨਾ ਕਿ ਲੋੜ ਮੁਤਾਬਕ।


BC Health Coalition
ਵੈੱਬ: www.bchealthcoalition.ca
ਫੋਨ: 604.681.7945
ਐਡਰੈਸ: 2nd Floor, 411 Dunsmuir Street, Vancouver, BC V6B 1X4
ਈਮੇਲ: info@bchealthcoalition.ca
ਫੈਕਸ: 604.681.7947

- ਕੰਮ ਦੇ ਖਿੱਚਵੇਂ ਟਾਈਮ ਟੇਬਲ ਨਾਲ ਹੋਮ ਸਪੋਰਟ ਸੇਵਾਵਾਂ ਦੇਣ ਵਾਲੇ ਤਣਾਉ ਵਿਚ ਹੁੰਦੇ ਹਨ ਅਤੇ ਹੰਭ ਜਾਂਦੇ ਹਨ।
- ਹੋਮ ਸਪੋਰਟ ਲਈ ਅਰਜ਼ੀ, ਨਾਮਨਜ਼ੂਰੀ ਅਤੇ ਅਪੀਲ ਦੀਆਂ ਕਰਵਾਈਆਂ ਬਹੁਤ ਹੀ ਤਣਾਉਪੂਰਨ, ਹੰਭਾਉਣ ਵਾਲੀਆਂ ਅਤੇ ਮਰੀਜ਼ਾਂ ਲਈ ਬੇਲੋੜੇ ਢੰਗ ਨਾਲ ਨਾਵਾਜਬ ਹਨ।
- ਸੰਭਾਲ ਕਰਨ ਵਾਲਿਆਂ ਵਿਚ ਇਕਸਾਰਤਾ ਦੀ ਘਾਟ।
- ਟਰੇਨਿੰਗ ਦੇ ਇਕਸਾਰ ਮਾਡਲਾਂ ਦੀ ਘਾਟ।
- ਫੰਡਾਂ ਦੀ ਅਸਥਿਰਤਾ ਇਸ ਚੀਜ਼ ’ਤੇ ਅਸਰ ਪਾਉਂਦੀ ਹੈ ਕਿ ਸੇਵਾਵਾਂ ਕਿਵੇਂ ਦਿੱਤੀਆਂ ਜਾਂਦੀਆਂ ਹਨ ਅਤੇ ਨਵੇਂ ਕੌਨਟਰੈਕਟ ਦਿੱਤੇ ਜਾਣ ’ਤੇ ਸੰਭਾਲ ਕਰਨ ਵਾਲੇ ਅਕਸਰ ਬਦਲੇ ਜਾਂਦੇ ਹਨ।

ਸੂਬੇ ਦੀ ਸਰਕਾਰ, ਵੱਖ ਵੱਖ ਪ੍ਰੋਗਰਾਮ ਦੇਣ ਲਈ ਹੈਲਥ ਅਥਾਰਟੀਆਂ ਨੂੰ ਫੰਡ ਦਿੰਦੀ ਹੈ। ਪਰ ਇਹ ਪਹੁੰਚ, ਬੇਅਸਰ ਅਤੇ ਫਜ਼ੂਲ ਹੈ ਕਿਉਂਕਿ ਹੋਮ ਸਪੋਰਟ ਬੀ ਸੀ ਵਿਚਲੇ ਸਾਡੇ ਹੈਲਥਕੇਅਰ ਸਿਸਟਮ ਦਾ ਇੰਨਾ ਜ਼ਰੂਰੀ ਕੰਮ ਹੈ ਅਤੇ ਹੈਲਥ ਰੀਜਨਾਂ ਵਿਚ ਵੱਖ ਵੱਖ ਵਚਨਬੱਧਤਾਵਾਂ ਇਸ ਦੀ ਲਗਾਤਾਰਤਾ ਅਤੇ ਬਰਾਬਰਤਾ ਨੂੰ ਗੰਭੀਰ ਚੁਣੌਤੀ ਬਣਦੀਆਂ ਹਨ।

## *ਹੋਮ ਸਪੋਰਟ ਸੇਵਾਵਾਂ ਨੂੰ ਹਟਾਉਣ ਦੇ ਅਸਰ:*

ਡਾਕਟਰ ਮਾਰਕਸ ਹੌਲੈਂਡਰ ਵਲੋਂ ਸਾਲ 2001 ਵਿਚ ਕੀਤੇ ਗਏ ਇਕ ਅਧਿਐਨ ਮੁਤਾਬਕ, “ਬ੍ਰਿਟਿਸ਼ ਕੋਲੰਬੀਆ ਦੇ ਜਿਨ੍ਹਾਂ ਲੋਕਾਂ ਨੂੰ ਪਹਿਲਾਂ ਘਰ ਵਿਚ ਮਿਲਣ ਵਾਲੀ ਮਦਦ ਬੰਦ ਕਰ ਦਿੱਤੀ ਗਈ ਸੀ, ਉਨ੍ਹਾਂ ਦੀ ਮੌਤ ਦਰ ਅਤੇ ਤੇਜ਼ੀ ਨਾਲ ਵਿਗੜਣ ਵਾਲੀ ਸਿਹਤ ਵਿਚ 50 ਫੀ ਸਦੀ ਵਾਧਾ ਹੋ ਗਿਆ।”

ਇਸੇ ਅਧਿਐਨ ਤੋਂ ਇਹ ਵੀ ਪਤਾ ਲੱਗਾ ਕਿ ਜਿਨ੍ਹਾਂ ਲੋਕਾਂ ਦੀ ਹੋਮ ਸਪੋਰਟ ਬੰਦ ਕਰ ਦਿੱਤੀ ਗਈ ਉਨ੍ਹਾਂ ਨੂੰ ਇਨ੍ਹਾਂ ਚੀਜ਼ਾਂ ਦਾ ਸਾਹਮਣਾ ਕਰਨਾ ਪਿਆ:

- ਅਣਗਿਹਲੀ, ਇਕੱਲਤਾ, ਭੰਬਲਭੂਸੇ ਅਤੇ ਢਹਿੰਦੀ ਕਲਾ ਦੀਆਂ ਭਾਵਨਾਵਾਂ।
- ਆਪਣੇ ਆਪ ਉਹ ਕੰਮ ਕਰਨੇ ਪਏ ਜਿਨ੍ਹਾਂ ਨੂੰ ਕਰਨ ਵਿਚ ਉਨ੍ਹਾਂ ਨੂੰ ਪਹਿਲਾਂ ਮੁਸ਼ਕਲ ਆਉਂਦੀ ਸੀ।
- ਬਹੁਤ ਸਾਰੇ ਲੋਕਾਂ (ਖਾਸ ਕਰਕੇ ਬਜ਼ੁਰਗਾਂ) ਨੂੰ ਬਹੁਤ ਔਖਿਆਈ ਮਹਿਸੂਸ ਹੋਈ ਅਤੇ ਇਸ ਦੇ ਨਤੀਜੇ ਵਜੋਂ ਮਦਦ ਲਈ ਪਰਿਵਾਰ ਦੇ ਮੈਂਬਰਾਂ ’ਤੇ ਨਿਰਭਰ ਕਰਨਾ ਪਿਆ, ਜਿਸ ਨਾਲ ਕਿਸੇ ’ਤੇ ਭਾਰ ਬਣਨ ਦੀਆਂ ਭਾਵਨਾਵਾਂ ਪੈਦਾ ਹੋਈਆਂ।
- ਹੋਮ ਕੇਅਰ ਦੇ ਹਿੱਸੇ ਵਜੋਂ ਸਫਾਈ ਦੀਆਂ ਸੇਵਾਵਾਂ ਜਾਂ ਨਰਸਿੰਗ ਸੇਵਾਵਾਂ ਹਟਾਏ ਜਾਣ ਨਾਲ, ਬਜ਼ੁਰਗਾਂ ਨੂੰ ਆਪਣੇ ਘਰ ਦੀ ਹਾਲਤ ਅਤੇ ਖਾਸ ਕਰਕੇ ਆਪਣੀ ਸਿਹਤ ਵਿਗੜਦੀ ਲੱਗੀ ਜਿਸ ਨਾਲ ਹੈਲਥਕੇਅਰ ਸਿਸਟਮ ’ਤੇ ਨਿਰਭਰਤਾ ਹੋਰ ਵਧੀ।
- ਹੋਮ ਸਪੋਰਟ ਸੇਵਾਵਾਂ ਹਟਾਉਣ ਨਾਲ ਐਮਰਜੰਸੀ ਵਾਰਡਾਂ ਅਤੇ ਹੋਰ ਅਕਿਊਟ ਕੇਅਰ ਸੇਵਾਵਾਂ ’ਤੇ ਵਾਧੂ ਬੋਝ ਪੈਂਦਾ ਹੈ।

ਖਰਚੇ ਘਟਾਉਣ ਦੀਆਂ ਜੁਗਤਾਂ ਕਾਰਨ, ਅਤੇ ਨਾਲ ਨਾਲ ਨਵੀਂਆਂ ਡਾਕਟਰੀ ਤਕਨੀਕਾਂ ਕਾਰਨ ਅਤੇ ਪ੍ਰਾਈਵੇਟ ਸੰਭਾਲ (ਜੋ ਕਿ ਸਪਸ਼ਟ ਰੂਪ ਵਿਚ ਕੋਈ ਵਿਵਹਾਰਕ ਬਦਲ ਨਹੀਂ ਹੈ) ’ਤੇ ਜ਼ਿਆਦਾ ਧਿਆਨ ਦੇਣ ਦੇ ਸੁਮੇਲ ਨਾਲ, ਹੁਣ ਜ਼ਿਆਦਾ ਮਰੀਜ਼ਾਂ ਨੂੰ ਘਰ ਛੇਤੀ ਭੇਜਿਆ ਜਾਂਦਾ ਹੈ ਜਦ ਕਿ ਉਹ ਅਜੇ ਬੀਮਾਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਮਦਦ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, ਬ੍ਰਿਟਿਸ਼ ਕੋਲੰਬੀਆ ਵਿਚ, ਚਿਰਾਂ ਤੋਂ ਲੱਗੀਆਂ ਬੀਮਾਰੀਆਂ ਵਾਲੇ ਵਿਅਕਤੀਆਂ ਦੀ ਗਿਣਤੀ ਵਧ ਗਈ ਹੈ, ਜਿਸ ਵਿਚ ਐੱਚ ਆਈ ਵੀ/ਏਡਜ਼ ਵਾਲੇ ਵਿਅਕਤੀ ਵੀ ਸ਼ਾਮਲ ਹਨ ਅਤੇ ਉਨ੍ਹਾਂ ਦੀ ਮਦਦ ਕਰਨ ਵਾਲੀਆਂ ਅਤੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੀਆਂ ਸੇਵਾਵਾਂ ਤਕਰੀਬਨ ਖਤਮ ਹੋ ਗਈਆਂ ਹਨ।


BC Health Coalition
ਐਡਰੈਸ: 2nd Floor, 411 Dunsmuir Street, Vancouver, BC V6B 1X4
ਵੈੱਬ: www.bchealthcoalition.ca
ਈਮੇਲ: info@bchealthcoalition.ca
ਫੋਨ: 604.681.7945
ਫੈਕਸ: 604.681.7947

### *ਹੋਮ ਸਪੋਰਟ ਸੇਵਾਵਾਂ ਦੇ ਸਿਹਤ ਫਾਇਦੇ:*

ਹੋਮ ਸਪੋਰਟ ਸੇਵਾਵਾਂ, ਪਰਿਵਾਰਾਂ ਅਤੇ ਅਕਿਊਟ ਅਤੇ ਲੌਂਗ-ਟਰਮ ਕੇਅਰ ਸੇਵਾਵਾਂ 'ਤੇ ਪਰੈਸ਼ਰ ਘਟਾਉਂਦੀਆਂ ਹਨ, ਜਿਸ ਨਾਲ ਸਿਹਤਮੰਦ ਮਨੁੱਖੀ ਮਾਹੌਲ ਪੈਦਾ ਹੁੰਦਾ ਹੈ। ਹੋਮ ਸਪੋਰਟ ਸੇਵਾਵਾਂ ਵਿਅਕਤੀਆਂ ਨੂੰ ਰੋਜ਼ਾਨਾ ਸਹੂਲਤ ਲਈ ਸੇਵਾਵਾਂ ਦਿੰਦੀਆਂ ਹਨ, ਜਿਹੜੇ ਵਿਅਕਤੀ ਉਸ ਤਰ੍ਹਾਂ ਘਰ ਵਿਚ ਆਮ ਜ਼ਿੰਦਗੀ ਜੀਣ ਦੇ ਅਸਮਰੱਥ ਹੋਣੇ ਸਨ ਅਤੇ ਜਿਹੜੀਆਂ ਸਹੂਲਤਾਂ ਅਸੀਂ ਆਪਣਾ ਹੱਕ ਸਮਝਦੇ ਹਾਂ।

ਸੇਵਾਵਾਂ ਲੈਣ ਵਾਲੇ ਬਜ਼ੁਰਗ ਨਾਗਰਿਕ, ਅਪਾਹਜ ਬਾਲਗ ਅਤੇ ਜਵਾਨ ਅਤੇ/ਜਾਂ ਚਿਰਕਾਲੀ ਬੀਮਾਰੀਆਂ ਵਾਲੇ ਲੋਕ ਹਨ ਜੋ ਕਿ ਕੰਮ ਕਰਦੇ ਹੋ ਸਕਦੇ ਹਨ, ਸਕੂਲ ਜਾਂਦੇ ਹਨ, ਸਮਾਜਿਕ ਸਰਗਰਮੀਆਂ ਅਤੇ ਸਮਾਜਿਕ ਪ੍ਰੋਗਰਾਮ ਵਿਚ ਹਿੱਸਾ ਲੈਂਦੇ ਹਨ ਅਤੇ/ਜਾਂ ਵਾਲੰਟੀਅਰ ਬਣਦੇ ਹਨ।

ਹੋਮ ਸਪੋਰਟ ਸਿਹਤ ਦਾ ਇਕ ਮਹੱਤਵਪੂਰਨ ਨਿਰਣਾਇਕ ਹੈ ਕਿਉਂਕਿ ਇਹ ਰਹਿਣੀ ਅਤੇ ਖੁਰਾਕ ਦੀ ਪੱਧਰ ਵਿਚ ਸੁਧਾਰ ਕਰਦੀ ਹੈ।

### *ਹੋਮ ਸਪੋਰਟ ਸੇਵਾਵਾਂ ਦੇ ਆਰਥਿਕ ਫਾਇਦੇ:*

- ਹੋਮ ਸਪੋਰਟ ਅਕਿਊਟ ਅਤੇ ਲੌਂਗ ਟਰਮ ਕੇਅਰ ਨਾਲੋਂ ਕਿਤੇ ਸਸਤੀ ਹੈ।
- ਹੋਮ ਸਪੋਰਟ ਬੀਮਾਰੀਆਂ ਤੋਂ ਰੋਕਥਾਮ ਕਰਨ ਵਾਲੀ ਹੈਲਥ ਕੇਅਰ ਸਰਵਿਸ ਦੇ ਤੌਰ 'ਤੇ ਕੰਮ ਕਰਦੀ ਹੈ ਅਤੇ ਇਹ ਹਸਪਤਾਲਾਂ ਅਤੇ ਡਾਕਟਰਾਂ 'ਤੇ ਨਿਰਭਰਤਾ ਘਟਾਉਂਦੀ ਹੈ।
- ਹੋਮ ਸਪੋਰਟ ਐਮਰਜੰਸੀ ਵਿਚ ਫੇਰੀਆਂ ਦੀ ਗਿਣਤੀ ਘਟਾਉਂਦੀ ਹੈ ਅਤੇ ਐਮਰਜੰਸੀ ਬੈੱਡਾਂ ਨੂੰ ਗੰਭੀਰ ਬੀਮਾਰਾਂ ਲਈ ਖਾਲੀ ਕਰਦੀ ਹੈ।

# ਹੋਮ ਸਪੋਰਟ ਮੁਹਿੰਮ:

ਹੋਮ ਸਪੋਰਟ ਵਿਚ ਆਇਆ ਸੰਕਟ ਬ੍ਰਿਟਿਸ਼ ਕੋਲੰਬੀਆ ਦੇ ਅਣਗਿਣਤ ਲੋਕਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਸੀਮਤ ਕਰ ਰਿਹਾ ਹੈ ਅਤੇ ਪਰਿਵਾਰਾਂ ਅਤੇ ਹੈਲਥ ਕੇਅਰ ਵਰਕਰਾਂ ਲਈ ਇਕੋ ਜਿਹਾ ਤਣਾਅ ਪੈਦਾ ਕਰ ਰਿਹਾ ਹੈ। ਇਹ ਜ਼ਰੂਰੀ ਹੈ ਕਿ ਸਰਕਾਰ ਅਤੇ ਹੈਲਥ ਅਥਾਰਟੀਆਂ ਦਖਲ ਦੇਣ ਅਤੇ ਅਗਾਂਹ ਹੋਰ ਨੁਕਸਾਨ ਹੋਣ ਤੋਂ ਪਹਿਲਾਂ ਇਸ ਹਾਲਤ ਦਾ ਹੱਲ ਲੱਭਣ।

### *ਮੁਹਿੰਮ ਦੇ ਟੀਚੇ ਅਤੇ ਮੰਗਾਂ:*

ਬੀ ਸੀ ਹੈਲਥ ਕੋਲੀਸ਼ਨ ਹੋਮ ਸਪੋਰਟ ਕੰਪੇਨ ਸੰਸਥਾਵਾਂ ਅਤੇ ਏਜੰਸੀਆਂ ਨੂੰ ਬੀ ਸੀ ਸਰਕਾਰ ਅਤੇ ਰੀਜਨਲ ਹੈਲਥ ਅਥਾਰਟੀਆਂ ਦੇ ਅਮਲਾਂ ਵਿਰੁੱਧ ਲਾਮਬੰਦ ਹੋਣ ਲਈ ਕਹਿ ਰਹੀ ਹੈ ਜੋ ਕਿ ਇਸ ਸੂਬੇ ਵਿਚ ਹੋਮ ਸਪੋਰਟ ਨੂੰ ਅਸਲੀ ਰੂਪ ਵਿਚ ਤਬਾਹ ਕਰ ਰਹੇ ਹਨ। ਇਹ ਮੁਹਿੰਮ, ਬ੍ਰਿਟਿਸ਼ ਕੋਲੰਬੀਆ ਦੇ ਉਨ੍ਹਾਂ ਸਾਰੇ ਲੋਕਾਂ ਦੀ ਤਰਫੋਂ ਸਰਕਾਰ ਅਤੇ ਹੈਲਥ ਅਥਾਰਟੀਆਂ ਤੋਂ ਸਿੱਧੀ ਮੰਗ ਵੀ ਕਰਦੀ ਹੈ ਜਿਨ੍ਹਾਂ ਨੇ ਇਸ ਮੁਹਿੰਮ ਦਾ ਸਮਰਥਨ ਕੀਤਾ ਹੈ ਕਿ ਉਹ ਹੋਮ ਸਪੋਰਟ ਨੂੰ ਮੁੜ ਕੇ ਬਹਾਲ ਕਰਨ ਲਈ ਫੌਰਨ ਇਹ ਚੀਜ਼ਾਂ ਲਾਗੂ ਕਰੇ:

1) ਸੂਬੇ ਦੀ ਸਰਕਾਰ ਹੈਲਥ ਅਥਾਰਟੀਆਂ ਨੂੰ ਹਿਦਾਇਤ ਦੇਵੇ ਕਿ ਹੋਮ ਸਪੋਰਟ ਸਰਵਿਸ ਦੇ ਪੱਧਰਾਂ ਵਿਚ ਹੋਰ ਕਟੌਤੀਆਂ ਫੌਰਨ ਬੰਦ ਕੀਤੀਆਂ ਜਾਣ ਅਤੇ ਇਨ੍ਹਾਂ ਪੱਧਰਾਂ ਨੂੰ ਮੁੜ ਕੇ 1994 ਦੇ ਪੱਧਰਾਂ ਤੱਕ ਲਿਆਂਦਾ ਜਾਵੇ।


BC Health Coalition
ਵੈੱਬ: www.bchealthcoalition.ca
ਫੋਨ: 604.681.7945
ਐਡਰੈਸ: 2nd Floor, 411 Dunsmuir Street, Vancouver, BC V6B 1X4
ਈਮੇਲ: info@bchealthcoalition.ca
ਫੈਕਸ: 604.681.7947

2) ਸੂਬੇ ਦੀ ਸਰਕਾਰ ਇਹ ਯਕੀਨੀ ਬਣਾਵੇ ਕਿ ਹੋਮ ਸਪੋਰਟ ਇਕ ਸਰਵਵਿਆਪੀ ਪ੍ਰੋਗਰਾਮ ਹੈ ਅਤੇ ਅਜਿਹਾ ਉਹ ਸਾਰੀਆਂ ਅਥਾਰਟੀਆਂ ਵਿਚ ਵਾਜਬ ਅਤੇ ਬਰਾਬਰ ਦੀ ਸਰਵਿਸ ਡਲਿਵਰੀ ਲਈ ਪ੍ਰੋਗਰਾਮ ਦੇ ਫੰਡਾਂ ਨੂੰ ਨਿੱਜੀ, ਮਜ਼ਬੂਤ ਕਰਨ ਵਾਲੀਆਂ ਸੂਬਾਈ ਗਾਈਡਲਾਈਨਾਂ ਨਾਲ ਜੋੜ ਕੇ ਕਰੇ, ਸੁਰੱਖਿਅਤ ਇਨਵੈਲਪ ਰਾਹੀਂ ਪ੍ਰੋਗਰਾਮ ਲਈ ਢੁਕਵੇਂ, ਸਮਰਪਿਤ ਅਤੇ ਸਥਿਰ ਫੰਡ ਯਕੀਨੀ ਬਣਾਵੇ, ਵਰਤੋਂ ਫੀਸ (ਯੂਜ਼ਰ ਫੀਸ) ਖਤਮ ਕਰੇ ਅਤੇ ਪ੍ਰਾਈਵੇਟੀਕਰਨ ਨੂੰ ਰੋਕੇ, ਅਤੇ ਅਜਿਹਾ ਸਿਸਟਮ ਯਕੀਨੀ ਬਣਾਵੇ ਜਿਸ ਤੱਕ ਲੋਕ ਲੋੜ ਮੁਤਾਬਕ ਪਹੁੰਚ ਕਰ ਸਕਦੇ ਹੋਣ।

3) ਸੂਬੇ ਦੀ ਸਰਕਾਰ ਨੂੰ ਉਨ੍ਹਾਂ ਲੋਕਾਂ ਲਈ ਸੂਬੇ ਭਰ ਵਿਚ ਪਹੁੰਚ ਯੋਗ ਅਪੀਲ ਸਿਸਟਮ ਜ਼ਰੂਰ ਤਿਆਰ ਕਰਨਾ ਚਾਹੀਦਾ ਹੈ ਜਿਹੜੇ ਆਪਣੀ ਹੋਮ ਸਪੋਰਟ ਅਸੈੱਸਮੈਂਟ ਦਾ ਵਿਰੋਧ ਕਰਦੇ ਹਨ। ਅਪੀਲ ਬੋਰਡਾਂ ਵਿਚ ਅਪਾਹਜ ਲੋਕਾਂ ਅਤੇ ਬਜ਼ੁਰਗਾਂ ਦੀ ਤਕੜੀ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ।

4) ਹੈਲਥ ਅਥਾਰਟੀਆਂ ਨੂੰ ਇਹ ਯਕੀਨੀ ਜ਼ਰੂਰ ਬਣਾਉਣਾ ਚਾਹੀਦਾ ਹੈ ਕਿ ਅਸੈੱਸਮੈਂਟ ਬੱਜਟ ਦੇ ਪ੍ਰਬੰਧ ਤੋਂ ਆਜ਼ਾਦ ਹੁੰਦੀ ਹੈ ਅਤੇ ਖਰਚੇ ਘਟਾਉਣਾ ਅਸੈੱਸਰ ਦੇ ਕੰਮ ਦਾ ਲੁਕਵਾਂ ਜਾਂ ਸਪਸ਼ਟ ਹਿੱਸਾ ਨਹੀਂ ਹੈ। ਮੈਡੀਕਲ-ਮਾਡਲ ਅਸਿਸਮੈਂਟ ਟੋਲਜ਼ ਦੀ ਥਾਂ ਨਿੱਜੀ ਮਦਦ ਦੀਆਂ ਵਿਉਂਤਾਂ ਲਾਗੂ ਹੋਣੀਆਂ ਚਾਹੀਦੀਆਂ ਹਨ ਜੋ ਕਿ ਆਜ਼ਾਦ ਰਹਿਣੀ ਦੇ ਸਿਧਾਂਤਾਂ 'ਤੇ ਆਧਾਰਿਤ ਹੋਣੀਆਂ ਚਾਹੀਦੀਆਂ ਹਨ ਅਤੇ ਹੋਰ ਸੇਵਾਵਾਂ ਪ੍ਰਾਪਤ ਕਰਨ ਲਈ ਨਹਾਉਣ ਵਿਚ ਮਦਦ ਨੂੰ ਘੱਟੋ ਘੱਟ ਸ਼ਰਤ ਵਜੋਂ ਖਤਮ ਕੀਤਾ ਜਾਣਾ ਜ਼ਰੂਰੀ ਹੈ।

## *ਪਰਿਭਾਸ਼ਕ ਸ਼ਬਦਾਂ ਦੇ ਅਰਥ:*

### ਅਸਿਸਟਿਡ ਲਿਵਿੰਗ:

ਅਸਿਸਟਿਡ ਲਿਵਿੰਗ ਰਿਹਾਇਸ਼ ਦੀ ਇਕ ਕਿਸਮ ਹੈ ਜਿਸ ਵਿਚ ਰਿਹਾਇਸ਼ ਅਤੇ ਸੇਵਾ ਦੀਆਂ ਸੇਵਾਵਾਂ ਕਈ ਵਿਅਕਤੀਆਂ ਦੇ ਰਿਹਾਇਸ਼ ਵਾਲੇ ਕੰਪਲੈਕਸ ਜਾਂ ਰਿਹਾਇਸ਼ ਵਿਚ ਦਿੱਤੀਆਂ ਜਾਂਦੀਆਂ ਹਨ। ਇਸ ਕਿਸਮ ਦਾ ਪ੍ਰੋਗਰਾਮ ਆਮ ਤੌਰ 'ਤੇ ਬਜ਼ੁਰਗਾਂ ਅਤੇ ਕੁਝ ਅਪਾਹਜ ਵਿਅਕਤੀਆਂ ਲਈ ਮੌਜੂਦ ਹੁੰਦਾ ਹੈ। ਇਹ ਉਨ੍ਹਾਂ ਲੋਕਾਂ ਲਈ ਢੁਕਵਾਂ ਹੈ ਜਿਨ੍ਹਾਂ ਨੂੰ ਆਪਣੇ ਰੋਜ਼ਾਨਾ ਕਾਰਜਾਂ ਵਿਚ ਕੁਝ ਮਦਦ ਦੀ ਲੋੜ ਹੁੰਦੀ ਹੈ ਪਰ ਚੌਵੀ ਘੰਟੇ ਡਾਕਟਰੀ ਨਿਗਰਾਨੀ ਦੀ ਲੋੜ ਨਹੀਂ ਹੁੰਦੀ।

"ਹੌਸਪੀਟਲਟੀ ਸਰਵਿਸਿਜ਼" ਵਿਚ ਖਾਣਿਆਂ ਦੀਆਂ ਸੇਵਾਵਾਂ, ਘਰ ਦੀ ਸਫਾਈ ਦੀਆਂ ਸੇਵਾਵਾਂ, ਲਾਉਂਡਰੀ ਦੀਆਂ ਸੇਵਾਵਾਂ, ਸਮਾਜਿਕ ਅਤੇ ਮਨੋਰੰਜਨ ਦੇ ਮੌਕੇ ਅਤੇ ਐਮਰਜੰਸੀ ਵਿਚ 24 ਘੰਟੇ ਮਦਦ ਦਾ ਸਿਸਟਮ ਸ਼ਾਮਲ ਹੈ।

### ਕੇਅਰ ਲੇਵਲਜ਼:

ਕੰਟੀਨਿਊਇੰਗ ਕੇਅਰ ਸਰਵਿਸਿਜ਼ ਵਿਅਕਤੀਆਂ ਦੀ ਸੰਭਾਲ ਦੇ ਪੱਧਰਾਂ ਮੁਤਾਬਕ ਦਰਜਾਬੰਦੀ ਕਰਦੀਆਂ ਹਨ। ਦਰਜਾਬੰਦੀ ਦੇ ਸਿਸਟਮ ਵਿਚ ਤਿੰਨ ਗਰੁੱਪ ਹਨ: ਨਿੱਜੀ ਸੰਭਾਲ, ਦਰਮਿਆਨੀ ਸੰਭਾਲ (ਇੰਟਰਮੀਡੀਏਟ ਕੇਅਰ) ਅਤੇ ਜ਼ਿਆਦਾ ਸੰਭਾਲ। ਇਨ੍ਹਾਂ ਗਰੁੱਪਾਂ ਵਿਚ, ਇੰਟਰਮੀਡੀਏਟ ਕੇਅਰ ਨੂੰ 1, 2 ਅਤੇ 3 ਪੱਧਰਾਂ ਵਿਚ ਵੰਡਿਆ ਗਿਆ ਹੈ। ਸੰਭਾਲ ਦੇ ਪੱਧਰ ਨਿੱਜੀ ਸੰਭਾਲ ਦੇ ਹਲਕੇ ਪੱਧਰ ਤੋਂ ਦਰਮਿਆਨੀ ਸੰਭਾਲ ਤੱਕ ਅਤੇ ਐਕਸਟੈਂਡਿਡ ਕੇਅਰ ਦੀ ਜ਼ਿਆਦਾ ਸੰਭਾਲ ਤੱਕ ਵਧਦੇ ਹਨ।


BC Health Coalition
ਵੈੱਬ: www.bchealthcoalition.ca
ਫੋਨ: 604.681.7945
ਐਡਰੈਸ: 2nd Floor, 411 Dunsmuir Street, Vancouver, BC V6B 1X4
ਈਮੇਲ: info@bchealthcoalition.ca
ਫੈਕਸ: 604.681.7947

## ਕਮਿਊਨਟੀ ਹੈਲਥ ਵਰਕਰ/ਹੋਮ ਸਪੋਰਟ ਵਰਕਰ:

ਇਹ ਮੂਹਰਲੀ ਕਤਾਰ ਦੇ ਵਰਕਰ ਹਨ ਜੋ ਕਿ ਆਪਣੇ ਘਰਾਂ ਵਿਚ ਗਾਹਕਾਂ ਨੂੰ ਹੋਮ ਸਪੋਰਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। 1990 ਦੇ ਅੱਧਵਿਆਂ ਤੱਕ ਇਨ੍ਹਾਂ ਵਰਕਰਾਂ ਨੂੰ 'ਹੋਮ ਮੇਕਰਜ਼' ਜਾ 'ਹੋਮ ਸਪੋਰਟ ਵਰਕਰਜ਼' ਦੇ ਤੌਰ 'ਤੇ ਜਾਣਿਆ ਜਾਂਦਾ ਸੀ ਅਤੇ ਇਨ੍ਹਾਂ ਕੋਲ ਬਹੁਤ ਘੱਟ ਰਸਮੀ ਟਰੇਨਿੰਗ ਹੁੰਦੀ ਸੀ। ਅੱਜਕੱਲ ਬਹੁਤੇ ਕਮਿਊਨਟੀ ਹੈਲਥ ਵਰਕਰਾਂ ਨੇ ਕਾਲਜ ਪ੍ਰੋਗਰਾਮ ਮੁਕੰਮਲ ਕੀਤਾ ਹੋਇਆ ਹੈ, ਜੋ ਕਿ ਛੇ ਕੁ ਮਹੀਨੇ ਦਾ ਹੁੰਦਾ ਹੈ ਜਿਸ ਵਿਚ ਨਿੱਜੀ ਸੰਭਾਲ ਦੀ ਟਰੇਨਿੰਗ ਅਤੇ ਕਮਜ਼ੋਰ ਬਜ਼ੁਰਗਾਂ ਅਤੇ ਅਪਾਹਜ ਲੋਕਾਂ ਦੀ ਮਦਦ ਦੀ ਟਰੇਨਿੰਗ ਸ਼ਾਮਲ ਹੁੰਦੇ ਹਨ।

## ਕੰਟੀਨਿਊਇੰਗ ਕੇਅਰ:

ਇਸ ਨੂੰ ਹੋਮ ਐਂਡ ਕਮਿਊਨਟੀ ਕੇਅਰ ਵੀ ਕਿਹਾ ਜਾਂਦਾ ਹੈ। ਕੰਟੀਨਿਊਇੰਗ ਕੇਅਰ ਵਿਚ ਕਈ ਪ੍ਰੋਗਰਾਮ ਆ ਜਾਂਦੇ ਹਨ, ਜਿਸ ਵਿਚ ਘਰ ਵਿਚ ਸਿਹਤ ਸੇਵਾਵਾਂ ਤੋਂ ਲੈ ਕੇ ਰਿਹਾਇਸ਼ੀ ਸੰਭਾਲ ਸ਼ਾਮਲ ਹਨ, ਜਿਸ ਦਾ ਉਦੇਸ਼ ਕਮਜ਼ੋਰ ਬਜ਼ੁਰਗਾਂ ਅਤੇ ਅਪਾਹਜ ਲੋਕਾਂ ਦੀ ਸਿਹਤ ਅਤੇ ਕਾਰਜਾਂ ਨੂੰ ਕਾਇਮ ਰੱਖਣਾ, ਮੁੜ ਬਹਾਲ ਕਰਨਾ ਜਾਂ ਸੁਧਾਰਨਾ ਹੈ। ਮੌਜੂਦਾ ਪ੍ਰੋਗਰਾਮਾਂ ਵਿਚ ਘਰ ਆਧਾਰਿਤ ਸੇਵਾਵਾਂ (ਘਰ ਵਿਚ ਮਦਦ, ਬੀਮਾਰੀ ਤੋਂ ਰਾਜ਼ੀ ਹੋਣਾ ਅਤੇ ਘਰ ਵਿਚ ਨਰਸਿੰਗ ਦੀਆਂ ਸੇਵਾਵਾਂ ਸ਼ਾਮਲ ਹਨ), ਕਮਿਊਨਟੀ ਆਧਾਰਿਤ ਸੇਵਾਵਾਂ (ਅਡੱਲਟ ਡੇਅ ਕੇਅਰ ਅਤੇ ਸੰਭਾਲ ਕਰਨ ਵਾਲੇ ਨੂੰ ਆਰਾਮ ਦਿਵਾਉਣ ਲਈ ਸੰਭਾਲ), ਸਹਾਇਕ ਰਹਿਣੀ (ਅਸਿਸਟਿਡ ਲਿਵਿੰਗ) ਅਤੇ ਰਿਹਾਇਸ਼ੀ ਸੰਭਾਲ (ਰੈਜ਼ੀਡੈਂਸ਼ਲ ਕੇਅਰ) ਸ਼ਾਮਲ ਹਨ।

ਹਰ ਹੈਲਥ ਅਥਾਰਟੀ ਵਿਚ ਕੰਟੀਨਿਊਇੰਗ ਕੇਅਰ (ਜਾਂ ਹੋਮ ਅਤੇ ਕਮਿਊਨਟੀ ਕੇਅਰ) ਡਿਵੀਜ਼ਨ ਹੈ। ਇਨ੍ਹਾਂ ਸੇਵਾਵਾਂ ਲਈ ਹੱਕਦਾਰੀ ਕੰਟੀਨਿਊਇੰਗ ਕੇਅਰ ਦੇ ਅਸੈੱਸਰ ਵਲੋਂ ਕੀਤੀ ਗਈ ਅਸੈੱਸਮੈਂਟ 'ਤੇ ਆਧਾਰਿਤ ਹੈ। ਅਸੈੱਸਰ ਲੋੜੀਂਦੀਆਂ ਸੇਵਾਵਾਂ ਦੀ ਕਿਸਮ ਅਤੇ ਪੱਧਰ ਬਾਰੇ ਫੈਸਲਾ ਕਰਦਾ ਹੈ, ਜਾਰੀ ਰਹਿਣ ਵਾਲੀ ਸੰਭਾਲ ਦੀ ਨਿਗਰਾਨੀ ਕਰਦਾ ਹੈ ਅਤੇ ਲੋੜੀਂਦੀਆਂ ਤਬਦੀਲੀਆਂ ਕਰਦਾ ਹੈ।

## ਹੈਲਥ ਅਥਾਰਟੀ:

ਹੈਲਥ ਅਥਾਰਟੀਆਂ, ਬੀ ਸੀ ਮਨਿਸਟਰੀ ਆਫ ਹੈਲਥ ਦੀ ਸੇਧ ਹੇਠ ਬੀ ਸੀ ਵਿਚ ਹੈਲਥ ਕੇਅਰ ਸੇਵਾਵਾਂ ਦਾ ਪ੍ਰਬੰਧ ਕਰਦੀਆਂ ਹਨ ਅਤੇ ਸੇਵਾਵਾਂ ਦਿੰਦੀਆਂ ਹਨ। ਬੀ ਸੀ ਵਿਚ 5 ਹੈਲਥ ਅਥਾਰਟੀਆਂ ਹਨ: ਨੌਰਦਰਨ, ਇਨਟੀਰੀਅਰ, ਵੈਨਕੂਵਰ ਆਈਲੈਂਡ, ਵੈਨਕੂਵਰ ਕੋਸਟਲ, ਅਤੇ ਫਰੇਜ਼ਰ।

## ਰੈਜ਼ੀਡੈਂਸ਼ਲ/ਲੌਂਗ ਟਰਮ ਕੇਅਰ:

ਇਕ ਸਥਾਨ ਜੋ ਕਿ ਮਰੀਜ਼ਾਂ ਨੂੰ ਜਾਂ ਰੋਜ਼ਾਨਾ ਰਹਿਣੀ ਦੇ ਕਾਰਜਾਂ ਵਿਚ ਮਦਦ ਦੀ ਲੋੜ ਵਾਲੇ ਵਸਨੀਕਾਂ ਨੂੰ ਮੁੜ ਕੇ ਰਾਜ਼ੀ ਹੋਣ, ਸਿਹਤ-ਬਖਸ਼, ਅਤੇ/ਜਾਂ ਲਗਾਤਾਰ ਕੀਤੀ ਜਾਣ ਵਾਲੀ ਹੁਨਰਮੰਦ ਸੰਭਾਲ ਪ੍ਰਦਾਨ ਕਰਦਾ ਹੈ।


BC Health Coalition
ਐਡਰੈਸ: 2nd Floor, 411 Dunsmuir Street, Vancouver, BC V6B 1X4
ਵੈੱਬ: www.bchealthcoalition.ca
ਈਮੇਲ: info@bchealthcoalition.ca
ਫੋਨ: 604.681.7945
ਫੈਕਸ: 604.681.7947

## *ਜ਼ਿਆਦਾ ਜਾਣਕਾਰੀ ਲਈ:*

www.bchealthcoalition.bc

ਬੀ ਸੀ ਹੈਲਥ ਕੋਲੀਸ਼ਨ ਦੇ ਹੋਮ ਸਪੋਰਟ ਪੇਜ ’ਤੇ ਕਲਿੱਕ ਕਰੋ।

http:www.policyalternatives.ca/Reports/2006/06/ReportsStudies1380/

*ਫਰੌਮ ਸਪੋਰਟ ਟੂ ਆਈਸੋਲੇਸ਼ਨ* ਦਾ ਪੂਰਾ ਮਜ਼ਮੂਨ – *ਦਾ ਹਾਈ ਕੌਸਟ ਆਫ ਬੀ ਸੀ ’ਜ਼ ਡਿਕਲਾਈਨਿੰਗ ਹੋਮ ਸਪੋਰਟ ਸਰਵਿਸਿਜ਼।* ਜੂਨ 2006 ਵਿਚ ਛਪੀ।

http:www.hollanderanalytical.com

ਹੋਮ ਕੇਅਰ ਅਤੇ ਹੋਮ ਸਪੋਰਟ ਬਾਰੇ ਹੌਲੈਂਡਰ ਗਰੁੱਪ ਵਲੋਂ ਕੀਤੇ ਗਏ ਕਈ ਅਧਿਐਨ ਸ਼ਾਮਲ ਹਨ।

http:www.bccpd.bc.ca/i/pdf/new/HomeSupportandHomeCareAct.pdf

ਨੈਸ਼ਨਲ ਹੋਮ ਸਪੋਰਟ ਅਤੇ ਹੋਮ ਕੇਅਰ ਐਕਟ ਦੀ ਮੰਗ ਕਰਨ ਵਾਲਾ ਇਕ ਪੇਪਰ।


BC Health Coalition
ਵੈੱਬ: www.bchealthcoalition.ca
ਫੋਨ: 604.681.7945
ਐਡਰੈਸ: 2nd Floor, 411 Dunsmuir Street, Vancouver, BC V6B 1X4
ਈਮੇਲ: info@bchealthcoalition.ca
ਫੈਕਸ: 604.681.7947